## "ਰੂਹਾਨੀ ਡ੍ਰਿਲ"

ਬਾਪਦਾਦਾ ਸਾਰਿਆਂ ਬੱਚਿਆਂ ਦੀ ਸਵੀਟ ਸਾਈਲੈਂਸ ਦੀ ਸਥਿਤੀ ਨੂੰ ਦੇਖ ਰਹੇ ਹਨ। ਇਕ ਸੈਕਿੰਡ ਵਿੱਚ ਸਾਈਲੈਂਸ ਦੀ ਸਥਿਤੀ ਵਿੱਚ ਸਥਿਤ ਹੋ ਜਾਣਾ ਇਹ ਪ੍ਰੈਕਟਿਸ ਕਿੱਥੋਂ ਤੱਕ ਕੀਤੀ ਹੈ? ਇਸ ਸਥਿਤੀ ਵਿੱਚ ਜਦੋਂ ਚਾਹੋ ਉਦੋਂ ਸਥਿਤ ਹੋ ਸਕਦੇ ਹੋ ਜਾਂ ਸਮੇਂ ਲਗਦਾ ਹੈ? ਕਿਉਂਕਿ ਅਨਾਦਿ ਸਵਰੂਪ ਸਵੀਟ ਸਾਈਲੈਂਸ ਹੈ। ਆਦਿ ਸਵਰੂਪ ਅਵਾਜ ਵਿੱਚ ਆਉਣ ਦਾ ਹੈ। ਪਰ ਅਨਾਦਿ ਅਵਿਨਾਸ਼ੀ ਸੰਸਕਾਰ ਸਾਈਲੈਂਸ ਹੈ। ਤਾਂ ਆਪਣੇ ਅਨਾਦਿ ਸੰਸਕਾਰ, ਅਨਾਦਿ ਸਵਰੂਪ ਨੂੰ, ਅਨਾਦਿ ਸੁਭਾਵ ਨੂੰ ਜਾਣਦੇ ਹੋਏ ਜਦੋਂ ਚਾਹੋ ਆਪਣੇ ਸਵਰੂਪ ਵਿੱਚ ਸਥਿਤ ਹੋ ਸਕਦੇ ਹੋ? 84 ਜਨਮ ਆਵਾਜ਼ ਵਿੱਚ ਆਉਣ ਦੇ ਹਨ ਇਸ ਲਈ ਸਦਾ ਅਭਿਆਸ ਆਵਾਜ਼ ਵਿੱਚ ਆਉਣ ਦਾ ਹੈ। ਪਰ ਅਨਾਦਿ ਸਵਰੂਪ ਅਤੇ ਫਿਰ ਇਸ ਸਮੇਂ ਚੱਕਰ ਪੂਰਾ ਹੋਣ ਦੇ ਕਾਰਨ ਵਾਪਿਸ ਸਾਈਲੈਂਸ ਹੋਮ ਵਿੱਚ ਜਾਣਾ ਹੈ। ਹੁਣ ਘਰ ਜਾਣ ਦਾ ਸਮਾਂ ਸਮੀਪ ਹੈ। ਹੁਣ ਆਦਿ ਮੱਧ ਅੰਤ ਤਿੰਨੇ ਹੀ ਕਾਲ ਦਾ ਪਾਰ੍ਹ ਸਮਾਪਤ ਕਰ ਆਪਣੇ ਅਨਾਦਿ ਸਵਰੂਪ, ਅਨਾਦਿ ਸਥਿਤੀ ਵਿੱਚ ਸਥਿਤ ਹੋਣ ਦਾ ਸਮੇਂ ਹੈ ਇਸਲਈ ਇਸ ਸਮੇ ਇਹੀ ਅਭਿਆਸ ਜਿਆਦਾ ਜਰੂਰੀ ਹੈ। ਆਪਣੇ ਆਪ ਨੂੰ ਚੈਕ ਕਰੋ ਕਿ ਕਰਮਿੰਦਰੀਆਂ ਜੀਤ ਬਣੇ ਹਾਂ? ਆਵਾਜ਼ ਵਿੱਚ ਨਹੀਂ ਆਉਣਾ ਚਾਹੋ ਤਾਂ ਇਹ ਮੁੱਖ ਦਾ ਆਵਾਜ਼ ਆਪਣੀ ਤਰਫ਼ ਖਿੱਚਦਾ ਤਾਂ ਨਹੀਂ ਹੈ। ਇਸ ਨੂੰ ਹੀ ਰੂਹਾਨੀ ਡ੍ਰਿਲ ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਵਰਤਮਾਨ ਸਮੇਂ ਦੇ ਪ੍ਰਮਾਣ ਸ਼ਰੀਰ ਦੇ ਲਈ ਸਭ ਬਿਮਾਰੀਆਂ ਦਾ ਇਲਾਜ਼ ਐਕਸਰਸਾਈਜ਼ ਸਿਖਾਉਂਦੇ ਹਨ ਤੇ ਇਸ ਸਮੇਂ ਆਤਮਾ ਨੂੰ ਸਕਤੀਸ਼ਾਲੀ ਬਨਾਉਣ ਲਈ ਇਹ ਰੂਹਾਨੀ ਐਕਸਰਸਾਇਜ ਦਾ ਅਭਿਆਸ ਚਾਹੀਦਾ ਹੈ। ਚਾਰੇ ਪਾਸੇ ਕਿਵੇਂ ਦਾ ਵੀ ਮਾਹੌਲ ਹੋਵੇ, ਹਲਚਲ ਹੋ ਪਰ ਆਵਾਜ਼ ਵਿੱਚ ਰਹਿੰਦੇ ਆਵਾਜ ਤੋਂ ਪਰੇ ਦੀ ਸਥਿਤੀ ਦਾ ਅਭਿਆਸ ਹਾਲੇ ਬਹੁਤ ਕਾਲ ਦਾ ਚਾਹੀਦਾ ਹੈ। ਸ਼ਾਂਤ ਵਾਤਾਵਰਣ ਵਿੱਚ ਸ਼ਾਂਤੀ ਦੀ ਸਥਿਤੀ ਬਨਾਉਣਾ ਕੋਈ ਵੱਡੀ ਗੱਲ ਨਹੀਂ ਹੈ। ਅਸ਼ਾਂਤੀ ਦੇ ਵਿੱਚ ਤੁਸੀਂ ਸ਼ਾਂਤ ਰਹੋ ਇਹੀ ਅਭਿਆਸ ਚਾਹੀਦਾ ਹੈ। ਇਸ ਤਰ੍ਹਾਂ ਦਾ ਅਭਿਆਸ ਜਾਣਦੇ ਹੋ? ਭਾਵੇਂ ਆਪਣੀ ਕਮਜ਼ੋਰੀ ਦੀ ਹਲਚਲ ਹੋਵੇ, ਸੰਸਕਾਰਾਂ ਦੇ ਵਿਅਰਥ ਸੰਕਲਪਾਂ ਦੀ ਹਲਚਲ ਹੋਵੇ। ਇਵੇਂ ਦੀ ਹਲਚਲ ਦੇ ਸਮੇਂ ਆਪਣੇ ਨੂੰ ਅਚਲ ਬਣਾ ਸਕਦੇ ਹੋ ਜਾਂ ਟਾਈਮ ਲੱਗ ਜਾਂਦਾ ਹੈ? ਕਿਉਂਕਿ ਟਾਇਮ ਲੱਗਣਾ ਇਹ ਕਦੇ ਵੀ ਧੋਖਾ ਦੇ ਸਕਦਾ ਹੈ। ਸਮਾਪਤੀ ਦੇ ਸਮੇਂ ਵਿੱਚ ਜਿਆਦਾ ਸਮਾਂ ਨਹੀਂ ਮਿਲਣਾ ਹੈ। ਫਾਇਨਲ ਰਿਜ਼ਲਟ ਦਾ ਪੇਪਰ ਕੁਝ ਸੈਕਿੰਡ ਅਤੇ ਮਿੰਟਾਂ ਦਾ ਹੀ ਹੋਣਾ ਹੈ। ਪਰ ਚਾਰੇ ਪਾਸੇ ਦੀ ਹਲਚਲ ਦੇ ਵਾਤਾਵਰਣ ਵਿੱਚ ਅਚਲ ਰਹਿਣ ਵਿੱਚ ਹੀ ਨੰਬਰ ਮਿਲਦਾ ਹੈ। ਜੇਕਰ ਬਹੁਤ ਕਾਲ ਦੀ ਹਲਚਲ ਦੀ ਸਥਿਤੀ ਤੋਂ ਅਚਲ ਬਨਣ ਵਿੱਚ ਸਮੇਂ ਲਗਣ ਦਾ ਅਭਿਆਸ ਹੋਵੇਗਾ ਤਾਂ ਸਮਾਪਤੀ ਦੇ ਸਮੇਂ ਕੀ ਰਿਜਲਟ ਹੋਵੇਗੀ? ਇਸ ਲਈ ਇਹ ਰੂਹਾਨੀ ਐਕਸਰਸਾਈਜ਼ ਦਾ ਅਭਿਆਸ ਕਰੋ। ਮਨ ਨੂੰ ਜਿੱਥੇ ਚਾਹੋ ਜਿਨ੍ਹਾਂ ਸਮਾਂ ਸਥਿਤ ਕਰਨਾ ਚਾਹੋ ਉਨ੍ਹਾਂ ਸਮੇਂ ਸਥਿਤ ਕਰ ਸਕੋ। ਫਾਈਨਲ ਪੇਪਰ ਹੈ ਬਹੁਤ ਹੀ ਸੌਖਾ। ਅਤੇ ਪਹਿਲਾਂ ਤੋਂ ਹੀ ਦੱਸ ਦਿੰਦੇ ਹਾਂ ਕਿ ਇਹ ਪੇਪਰ ਆਉਣਾ ਹੈ। ਨੰਬਰ ਬਹੁਤ ਥੋੜ੍ਹੇ ਸਮੇਂ ਵਿੱਚ ਮਿਲਣਾ ਹੈ। ਸਟੇਜ਼ ਵੀ ਪਾਵਰਫੁੱਲ ਹੋਵੇ।

ਦੇਹ, ਦੇਹ ਦੇ ਸੰਬੰਧ, ਦੇਹ ਦੇ ਸੰਸਕਾਰ, ਵਿਅਕਤੀ ਅਤੇ ਵੈਭਵ, ਵਾਇਬ੍ਰੇਸ਼ਨ, ਵਾਯੂਮੰਡਲ ਸਭ ਹੁੰਦੇ ਹੋਏ ਵੀ ਆਕਰਸ਼ਿਤ ਨਾ ਕਰੇ। ਇਸੇ ਨੂੰ ਹੀ ਕਹਿੰਦੇ ਹਨ ਨਸ਼ਟੋਮੋਹਾ ਸਮਰੱਥ ਸਵਰੂਪ। ਤਾਂ ਇਵੇਂ ਦੀ ਪ੍ਰੈਕਟਿਸ ਹੈ? ਲੋਕ ਚਿਲਾਉਂਦੇ ਰਹਿਣ ਤੇ ਤੁਸੀਂ ਅਚਲ ਰਹੋ। ਪ੍ਰਕ੍ਰਿਤੀ ਵੀ, ਮਾਇਆ ਵੀ ਸਭ ਲਾਸ੍ਟ ਦਾਵ ਲਗਾਉਣ ਲਈ ਆਪਣੇ ਵੱਲ ਕਿੰਨਾ ਵੀ ਖਿੱਚਣ ਪਰ ਤੁਸੀਂ ਨਿਆਰੇ ਅਤੇ ਬਾਪ ਦੇ ਪਿਆਰੇ ਬਨਣ ਦੀ ਸਥਿਤੀ ਵਿੱਚ ਲਵਲੀਨ ਰਹੋ, ਇਸ ਨੂੰ ਕਿਹਾ ਜਾਂਦਾ ਹੈ ਦੇਖਦੇ ਹੋਏ ਵੀ ਨਾ ਦੇਖੋ, ਸੁਣਦੇ ਹੋਏ ਵੀ ਨਾ ਸੁਣੋ।... ਇਸ ਤਰ੍ਹਾਂ ਦਾ ਅਭਿਆਸ ਹੋਵੇ। ਇਸੇ ਨੂੰ ਸਵੀਟ ਸਾਈਲੈਂਸ ਸਵਰੂਪ ਦੀ ਸਥਿਤੀ ਕਿਹਾ ਜਾਂਦਾ ਹੈ। ਫਿਰ ਵੀ ਬਾਪਦਾਦਾ ਸਮਾਂ ਦੇ ਰਿਹਾ ਹੈ। ਜੇਕਰ ਕੋਈ ਵੀ ਕਮੀ ਹੈ ਤੇ ਹੁਣ ਵੀ ਭਰ ਸਕਦੇ ਹੋ ਕਿਉਂਕਿ ਬਹੁਤ ਕਾਲ ਦਾ ਅਭਿਆਸ ਸੁਣਾਇਆ। ਤਾਂ ਹੁਣ ਵੀ ਥੋੜ੍ਹਾ ਚਾਂਸ ਹੈ, ਇਸਲਈ ਇਸ ਪ੍ਰੈਕਟਿਸ ਦੇ ਵਲ ਫੁਲ ਅਟੈਂਸ਼ਨ ਰੱਖੋ । ਪਾਸ ਵਿਦ ਆਨਰ ਬਨਣਾ ਜਾਂ ਪਾਸ ਹੋਣਾ ਇਹ ਅਧਾਰ ਇਸੇ ਅਭਿਆਸ ਤੇ ਹੈ। ਇਵੇਂ ਦਾ ਅਭਿਆਸ ਹੈ? ਸਮੇਂ ਦੀ ਘੰਟੀ ਵੱਜੇ ਤੇ ਤਿਆਰ ਹੋਵੋਗੇ ਜਾਂ ਹੁਣ ਸੋਚਦੇ ਹੋ ਤਿਆਰ ਹੋਣਾ ਹੈ? ਇਸੀ ਅਭਿਆਸ ਦੇ ਕਾਰਨ ਅਸ਼ਟ ਰਤਨਾਂ ਦੀ ਮਾਲਾ ਵਿਸ਼ੇਸ਼ ਛੋਟੀ ਬਣੀ ਹੈ। ਬਹੁਤ ਥੋੜੇ ਸਮੇਂ ਦੀ ਹੈ। ਜਿਸ ਤਰ੍ਹਾਂ ਤੁਸੀਂ ਲੋਕ ਕਹਿੰਦੇ ਹੋ ਨਾ ਸੈਕਿੰਡ ਵਿੱਚ ਮੁਕਤੀ ਜਾਂ ਜੀਵਨਮੁਕਤੀ ਦਾ ਵਰਸਾ ਲੈਣ ਦਾ ਅਧਿਕਾਰ ਸਾਰਿਆਂ ਦਾ ਹੈ। ਤੇ ਸਮਾਪਤੀ ਦੇ ਸਮੇਂ ਵੀ ਨੰਬਰ ਮਿਲਣਾ ਥੋੜੇ ਸਮੇਂ ਦੀ ਗੱਲ ਹੈ। ਪਰ ਜ਼ਰਾ ਵੀ ਹਲਚਲ ਨਾ ਹੋਵੇ। ਬਸ ਬਿੰਦੀ ਕਿਹਾ ਅਤੇ ਬਿੰਦੀ ਵਿੱਚ ਟਿੱਕ ਜਾਵੋ। ਬਿੰਦੀ ਹਿੱਲੇ ਨਹੀ। ਇਵੇਂ ਨਹੀਂ ਕਿ ਉਸ ਸਮੇਂ ਅਭਿਆਸ ਕਰਨਾ ਸ਼ੁਰੂ ਕਰੋ ਕਿ - ਮੈਂ ਆਤਮਾ ਹਾਂ... ਮੈਂ ਆਤਮਾ ਹਾਂ...ਇਹ ਨਹੀਂ ਚੱਲੇਗਾ ਕਿਉਕਿ ਸੁਣਾਇਆ ਹੈ ਨਾ ਵਾਰ ਵੀ ਚਾਰੇ ਪਾਸੇ ਤੋਂ ਹੋਵੇਗਾ। ਲਾਸ੍ਟ ਟ੍ਰਾਇਲ ਸਭ ਕਰਨਗੇ। ਪ੍ਰਕ੍ਰਿਤੀ ਵਿੱਚ ਵੀ ਜਿੰਨੀ ਸ਼ਕਤੀ ਹੋਵੇਗੀ, ਮਾਇਆ ਵਿੱਚ ਵੀ ਜਿਨੀ ਸ਼ਕਤੀ ਹੋਵੇਗੀ, ਟ੍ਰਾਇਲ ਕਰੇਗੀ। ਉਨ੍ਹਾਂ ਦੀ ਵੀ ਲਾਸ੍ਟ ਟ੍ਰਾਇਲ ਅਤੇ ਤੁਹਾਡੀ ਵੀ ਲਾਸ੍ਟ ਕਰਮਾਤੀਤ, ਕਰਮਬੰਧਨ ਮੁਕਤ ਸਥਿਤੀ ਹੋਵੇਗੀ। ਦੋਵਾਂ ਪਾਸਿਆਂ ਦੀ ਬਹੁਤ ਪਾਵਰਫੁੱਲ ਸੀਨ ਹੋਵੇਗੀ। ਉਹ ਵੀ ਫੁੱਲਫੋਰਸ, ਇਹ ਵੀ ਫੁੱਲਫੋਰਸ, ਪਰ ਸੈਕਿੰਡ ਦੀ ਵਿਜੈ, ਵਿਜੈ ਦੇ ਨਗਾੜੇ

ਵਜਾਵੇਗੀ। ਸਮਝਾ ਲਾਸ੍ਹ ਪੇਪਰ ਕੀ ਹੈ। ਸਭ ਸ਼ੁਭ ਸੰਕਲਪ ਤਾਂ ਇਹ ਹੀ ਰੱਖਦੇ ਵੀ ਹੋ ਅਤੇ ਰੱਖਣਾ ਵੀ ਹੈ ਕਿ ਨੰਬਰਵਨ ਆਉਣਾ ਹੈ ਹੀ। ਤਾਂ ਚਾਰੇ ਪਾਸਿਆਂ ਦੀਆਂ ਗੱਲਾਂ ਵਿੱਚ ਵਿਨ ਹੋਵੋਗੇ ਤਾਂ ਹੀ ਵਨ ਆਵੋਗੇ। ਜੇਕਰ ਇੱਕ ਗੱਲ ਵਿੱਚ ਜਰਾ ਵੀ ਵਿਅਰਥ ਸੰਕਲਪ, ਵਿਅਰਥ ਸਮਾਂ ਲਗ ਗਿਆ ਤਾਂ ਨੰਬਰ ਪਿੱਛੇ ਹੋ ਜਾਵੇਗਾ। ਚਾਰੇ ਹੀ ਪਾਸੇ ਚੈੱਕ ਕਰੋ। ਡਬਲ ਵਿਦੇਸ਼ੀ ਸਭ ਤੋਂ ਤੇਜ਼ ਜਾਣਾ ਚਾਹੁੰਦੇ ਹਨ ਨਾ ਇਸਲਈ ਤੀਵਰ ਪੁਰਸ਼ਾਰਥ ਅਤੇ ਫੁੱਲ ਅਟੈਂਸ਼ਨ ਇਸ ਅਭਿਆਸ ਵਿੱਚ ਹੁਣੇ ਤੋਂ ਦਿੰਦੇ ਰਹੋ। ਸਮਝਾ!ਕਵੇਸ਼ਚਨ ਨੂੰ ਵੀ ਜਾਣਦੇ ਹੋ ਅਤੇ ਟਾਇਮ ਨੂੰ ਵੀ ਜਾਣਦੇ ਹੋ। ਫਿਰ ਤਾਂ ਸਭ ਪਾਸ ਹੋਣੇ ਚਾਹੀਦੇ। ਜੇਕਰ ਪਹਿਲੇ ਤੋਂ ਹੀ ਕਵੈਸ਼ਚਨ ਦਾ ਪਤਾ ਹੁੰਦਾ ਹੈ ਤੇ ਤਿਆਰੀ ਕਰ ਲੈਂਦੇ ਹਨ। ਫਿਰ ਪਾਸ ਹੋ ਜਾਂਦੇ ਹਨ। ਤੁਸੀਂ ਸਾਰੇ ਤੇ ਪਾਸ ਹੋਣ ਵਾਲ਼ੇ ਹੋ ਨਾ! ਅੱਛਾ।

ਇਹ ਸੀਜਨ ਬਾਪਦਾਦਾ ਨੇ ਹਰ ਇੱਕ ਨੂੰ ਮਿਲਣ ਦਾ ਖੁਲ੍ਹਾ ਭੰਡਾਰਾ ਖੋਲਿਆਂ ਹੈ। ਅੱਗੇ ਕੀ ਹੋਣਾ ਹੈ, ਉਹ ਫਿਰ ਦੱਸਾਂਗੇ। ਹੁਣ ਖੁਲ੍ਹੇ ਭੰਡਾਰੇ ਵਿਚੋ ਜੋ ਵੀ ਲੈਣ ਆਏ ਹਨ ਉਹ ਤਾਂ ਲੈ ਹੀ ਲੈਣਗੇ। ਡਰਾਮੇ ਦਾ ਦ੍ਰਿਸ਼ ਸਦਾ ਬਦਲਦਾ ਹੀ ਹੈ ਪਰ ਇਸ ਸੀਜਨ ਵਿੱਚ ਭਾਰਤਵਾਸੀਆਂ ਨੂੰ, ਭਾਵੇਂ ਡਬਲ ਵਿਦੇਸ਼ੀਆਂ ਨੂੰ ਸਾਰਿਆਂ ਨੂੰ ਵਿਸ਼ੇਸ਼ ਵਰਦਾਨ ਤੇ ਮਿਲਿਆ ਹੀ ਹੈ ਬਾਪਦਾਦਾ ਨੇ ਜੋ ਵਾਧਾ ਕੀਤਾ ਹੈ ਉਹ ਤਾਂ ਨਿਭਾਉਣਗੇ। ਇਸ ਸੀਜਨ ਦਾ ਫਲ ਖਾਓ। ਫ਼ਲ ਹੈ ਮਿਲਣ, ਵਰਦਾਨ। ਸਾਰੇ ਸੀਜਨ ਦਾ ਫ਼ਲ ਖਾਣ ਆਏ ਹੋ ਨਾ। ਬਾਪਦਾਦਾ ਨੂੰ ਵੀ ਬੱਚਿਆ ਨੂੰ ਵੇਖ ਖ਼ੁਸ਼ੀ ਹੁੰਦੀ ਹੈ। ਫਿਰ ਵੀ ਸਾਕਾਰੀ ਸ੍ਰਿਸ਼ਟੀ ਵਿੱਚ ਤਾਂ ਸਭ ਦੇਖਣਾ ਹੁੰਦਾ ਹੈ । ਹੁਣ ਤਾਂ ਮੌਜ ਮਨਾਂ ਲੋ। ਫਿਰ ਸੀਜਨ ਦੀ ਲਾਸ੍ਹ ਵਿੱਚ ਸੁਣਾਵਾਂਗੇ।

ਸੇਵਾ ਦੇ ਸਥਾਨ ਭਾਵੇਂ ਵੱਖਰੇ - ਵੱਖਰੇ ਹਨ ਪਰ ਸੇਵਾ ਦਾ ਲਖਸ਼ ਇੱਕ ਹੀ ਹੈ। ਉਮੰਗ - ਹੁਲਾਸ ਇੱਕ ਹੀ ਹੈ। ਇਸਲਈਂ ਬਾਪਦਾਦਾ ਸਾਰਿਆਂ ਸਥਾਨਾਂ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਇਵੇਂ ਨਹੀਂ ਕਿ ਇੱਕ ਸਥਾਨ ਮਹੱਤਵ ਵਾਲਾ ਹੈ, ਦੂਸਰਾ ਘੱਟ ਹੈ। ਨਹੀਂ। ਜਿਹੜੀ ਵੀ ਧਰਤੀ ਤੇ ਬੱਚੇ ਪਹੁੰਚੇ ਹਨ ਉਸ ਵਿੱਚ ਕੋਈ ਨਾ ਕੋਈ ਵਿਸ਼ੇਸ਼ ਰਿਜ਼ਲਟ ਜ਼ਰੂਰ ਨਿਕਲਣੀ ਹੈ। ਫਿਰ ਭਾਵੇਂ ਕਿਸੇ ਦੀ ਜਲਦੀ ਵਿਖਾਈ ਦਿੰਦੀ, ਕਿਸੇ ਦੀ ਸਮੇਂ ਤੇ ਦਿਖਾਈ ਦੇਵੇਗੀ। ਪਰ ਵਿਸ਼ੇਸ਼ਤਾ ਸਾਰੇ ਪਾਸੇ ਦੀ ਹੈ। ਕਿਨ੍ਹੇ ਚੰਗੇ - ਚੰਗੇ ਰਤਨ ਨਿਕਲੇ ਹਨ। ਇਵੇਂ ਨਹੀਂ ਸਮਝਣਾ ਕਿ ਅਸੀਂ ਤੇ ਸਧਾਰਨ ਹਾਂ। ਸਾਰੇ ਵਿਸ਼ੇਸ਼ ਹੋ। ਜੇਕਰ ਕੋਈ ਵਿਸ਼ੇਸ਼ ਨਹੀਂ ਹੁੰਦਾ ਤੇ ਬਾਪ ਦੇ ਕੋਲ ਨਹੀ ਪਹੁੰਚਦਾ। ਵਿਸ਼ੇਸ਼ਤਾ ਹੈ ਪਰ ਕੋਈ ਵਿਸ਼ੇਸ਼ਤਾ ਨੂੰ ਸੇਵਾ ਵਿੱਚ ਲਗਾਉਂਦੇ ਹਨ ਕੋਈ ਸੇਵਾ ਵਿੱਚ ਲਗਾਉਣ ਲਈ ਹਾਲੇ ਤਿਆਰ ਹੋ ਰਹੇ ਹਨ, ਬਾਕੀ ਹਨ ਸਭ ਵਿਸ਼ੇਸ਼ ਆਤਮਾਵਾਂ। ਸਭ ਮਹਾਰਥੀ, ਮਾਹਾਵੀਰ ਹੋ। ਇੱਕ - ਇੱਕ ਮਹਿਮਾ ਸ਼ੁਰੂ ਕਰਨ ਤੇ ਲੰਬੀ ਚੋੜੀ ਮਾਲਾ ਬਣ ਜਾਵੇਗੀ। ਸ਼ਕ੍ਤੀਆਂ ਨੂੰ ਵੇਖੋ ਤਾਂ ਹਰ ਇਕ ਸ਼ਕਤੀ ਮਹਾਨ ਆਤਮਾ, ਵਿਸ਼ਵ ਕਲਿਆਣਕਾਰੀ ਆਤਮਾ ਵਿਖਾਈ ਦੇਵੇਗੀ। ਇਸ ਤਰ੍ਹਾਂ ਦੇ ਹੋ ਨਾ ਜਾਂ ਸਿਰਫ ਆਪਣੇ - ਆਪਣੇ ਸਥਾਨ ਦੇ ਕਲਿਆਣਕਾਰੀ ਹੋ? ਅੱਛਾ।

**6-9-20 ਸਵੇਰੇ ਦੀ ਮੁਰਲੀ ਓਮ ਸ਼ਾਂਤੀ**

**''ਅਵਿਅਕਤ ਬਾਪਦਾਦਾ'' ਰੀਵਾਇਜ਼ 19-3-86 ਮਧੁਬਨ**

**" ਅੰਮ੍ਰਿਤਵੇਲਾ ਸ੍ਰੇਸ਼ਠ ਪ੍ਰਾਪਤੀਆਂ ਦੀ ਵੇਲਾ''**

ਅੱਜ ਰੂਹਾਨੀ ਬਾਗਵਾਨ ਆਪਣੇ ਰੂਹਾਨੀ ਰੋਜ਼ ਫਲਾਵਰਸ ਦਾ ਬਗੀਚਾ ਦੇਖ ਰਹੇ ਹਨ। ਅਜਿਹੇ ਰੂਹਾਨੀ ਗੁਲਾਬ ਦਾ ਬਗ਼ੀਚਾ ਹੁਣ ਇਸ ਸੰਗਮਯੁਗ ਤੇ ਹੀ ਬਾਪ ਦੁਆਰਾ ਬਣਦਾ ਹੈ। ਬਾਪਦਾਦਾ ਹਰ ਇੱਕ ਰੂਹਾਨੀ ਗੁਲਾਬ ਦੇ ਫੁੱਲ ਦੀ ਰੁਹਾਨੀਅਤ ਦੀ ਖੁਸ਼ਬੂ ਅਤੇ ਰੁਹਾਨੀਅਤ ਦੇ ਖਿੜ੍ਹੇ ਹੋਏ ਪੁਸ਼ਪਾ ਦੀ ਰੌਣਕ ਦੇਖ ਰਹੇ ਹਨ। ਖੁਸ਼ਬੂਦਾਰ ਸਾਰੇ ਹਨ ਪਰ ਕਿਸੇ ਦੀ ਖੁਸ਼ਬੂ ਸਦਾਕਾਲ ਰਹਿਣ ਵਾਲੀ ਹੈ ਅਤੇ ਕਿਸੇ ਦੀ ਖੁਸ਼ਬੂ ਥੋੜ੍ਹਾ ਸਮੇਂ ਦੇ ਲਈ ਰਹਿੰਦੀ ਹੈ। ਕੋਈ ਗੁਲਾਬ ਸਦਾ ਖਿੜਿਆ ਹੋਇਆ ਹੈ ਅਤੇ ਕੋਈ ਕਦੇ ਖਿੜਿਆ ਹੋਇਆ ਕਦੇ ਥੋੜ੍ਹਾ ਜਿਹਾ ਧੁੱਪ ਜਾਂ ਮੌਸਮ ਦੇ ਹਿਸਾਬ ਨਾਲ ਮੁਰਝਾ ਵੀ ਜਾਂਦੇ ਹਨ। ਪਰ ਹੋ ਤਾਂ ਵੀ ਰੁਹਾਣੀ ਬਾਗ਼ਵਾਨ ਦੇ ਬਗ਼ੀਚੇ ਦੇ ਰੂਹਾਨੀ ਗੁਲਾਬ। ਕੋਈ - ਕੋਈ ਰੂਹਾਨੀ ਗੁਲਾਬ ਵਿੱਚ ਗਿਆਨ ਦੀ ਖੁਸਬੂ ਵਿਸ਼ੇਸ਼ ਹੈ। ਕਿਸੇ ਵਿੱਚ ਯਾਦ ਦੀ ਖੁਸ਼ਬੂ ਵਿਸ਼ੇਸ਼ ਹੈ। ਅਤੇ ਕਿਸੇ ਵਿੱਚ ਧਾਰਨਾ ਦੀ ਖੁਸ਼ਬੂ, ਕਿਸੇ ਵਿੱਚ ਸੇਵਾ ਦੀ ਖੁਸ਼ਬੂ ਵਿਸ਼ੇਸ਼ ਹੈ। ਕੋਈ - ਕੋਈ ਅਜਿਹੇ ਵੀ ਹਨ ਜੋ ਸ੍ਰਵ ਖੁਸ਼ਬੂ ਨਾਲ ਸੰਪੰਨ ਹਨ। ਤਾਂ ਬਗੀਚੇ ਵਿੱਚ ਸੱਭ ਤੋਂ ਪਹਿਲਾਂ ਨਜ਼ਰ ਕਿਸ ਦੇ ਉੱਪਰ ਜਾਵੇਗੀ? ਜਿਸ ਦੀ ਦੂਰ ਤੋਂ ਹੀ ਖ਼ੁਸ਼ਬੂ ਆਕਰਸ਼ਿਤ ਕਰੇਗੀ। ਉਸ ਵੱਲ ਹੀ ਸਭ ਦੀ ਨਜ਼ਰ ਪਹਿਲਾਂ ਜਾਂਦੀ ਹੈ। ਤਾਂ ਰੂਹਾਨੀ ਬਾਗ਼ਵਾਨ ਸਦਾ ਸਾਰੇ ਰੂਹਾਨੀ ਗੁਲਾਬ ਦੇ ਪੁਸ਼ਪਾ ਨੂੰ ਵੇਖਦੇ ਹਨ। ਪਰ ਨੰਬਰਵਾਰ ਪਿਆਰ ਵੀ ਸਾਰਿਆਂ ਨਾਲ ਹੈ ਕਿਉਂਕਿ ਹਰ ਗੁਲਾਬ ਦੇ ਪੁਸ਼ਪ ਦੇ ਅੰਦਰ ਬਾਗ਼ਵਾਨ ਦੇ ਪ੍ਰੀ ਅਤਿ ਪ੍ਰੇਮ ਹੈ। ਮਾਲਿਕ ਨਾਲ ਪੁਸ਼ਪਾ ਦਾ ਪਿਆਰ ਹੈ। ਅਤੇ ਮਾਲਿਕ ਦਾ ਪੁਸ਼ਪਾਂ ਨਾਲ ਪਿਆਰ ਹੈ ਫਿਰ ਵੀ ਸ਼ੋ ਕੇਸ ਵਿੱਚ ਰੱਖਣ ਵਾਲੇ ਰੂਹਾਨੀ ਗੁਲਾਬ ਉਹ ਹੀ ਹੁੰਦੇ ਹਨ ਜੋ ਸਦਾ ਸ੍ਰਵ ਖੁਸ਼ਬੂ ਤੋਂ ਸੰਪੰਨ ਹਨ ਅਤੇ ਸਦਾ ਖਿੜੇ ਹੋਏ ਹਨ। ਮੁਰਝਾਏ ਹੋਏ ਕਦੀ ਨਹੀਂ। ਰੋਜ ਅੰਮ੍ਰਿਤਵੇਲੇ ਬਾਪਦਾਦਾ ਸਨੇਹ ਅਤੇ ਸ਼ਕਤੀ ਦੀ ਵਿਸ਼ੇਸ਼ ਪਾਲਣਾ ਨਾਲ ਸਾਰੇ ਰੂਹਾਨੀ ਗੁਲਾਬ ਪੁਸ਼ਪਾ ਨਾਲ ਮਿਲਣ ਮਨਾਂਉਦੇ ਹਨ।

ਅੰਮ੍ਰਿਤਵੇਲਾ ਵਿਸ਼ੇਸ਼ ਪ੍ਰਭੁ ਪਾਲਣਾ ਦਾ ਵੇਲਾ ਹੈ। ਅੰਮ੍ਰਿਤਵੇਲਾ ਵਿਸ਼ੇਸ਼ ਪ੍ਰਮਾਤਮ ਮਿਲਣ ਦਾ ਵੇਲਾ ਹੈ। ਰੂਹਾਨੀ ਰੂਹ - ਰਿਹਾਨ ਕਰਨ ਦਾ ਵੇਲਾ ਹੈ। ਅੰਮ੍ਰਿਤਵੇਲਾ ਭੋਲੇ ਭੰਡਾਰੀ ਦੇ ਵਰਦਾਨਾ ਦੇ ਖਜਾਨੇ ਤੋਂ ਸਹਿਜ ਵਰਦਾਨ ਪ੍ਰਾਪਤ ਹੋਣ ਦੀ ਵੇਲਾ ਹੈ। ਜੋ ਗਾਇਨ ਹੈ ਮਨ

ਇੱਛਤ ਫ਼ਲ ਪਾਪ੍ਰਤ ਕਰਨਾ, ਇਹ ਇਸ ਸਮੇਂ ਅੰਮ੍ਰਿਤਵੇਲੇ ਦੇ ਸਮੇਂ ਦਾ ਗਾਇਨ ਹੈ। ਬਿਨਾਂ ਮਿਹਨਤ ਦੇ ਖੁਲ੍ਹੇ ਖ਼ਜਾਨੇ ਪ੍ਰਾਪਤ ਕਰਨ ਦੀ ਵੇਲਾ ਹੈ। ਇਸ ਤਰ੍ਹਾਂ ਦੇ ਸੁਹਾਵਣੇ ਸਮੇਂ ਨੂੰ ਅਨੁਭਵ ਤੋਂ ਜਾਣਦੇ ਹੋ ਨਾ। ਅਨੁਭਵੀ ਹੀ ਜਾਣੇ ਇਸ ਸ੍ਰੇਸ਼ਠ ਸੁੱਖ ਨੂੰ, ਸ੍ਰੇਸ਼ਠ ਪ੍ਰਾਪਤੀਆਂ ਨੂੰ। ਤਾਂ ਬਾਪਦਾਦਾ ਸਾਰੇ ਰੂਹਾਨੀ ਗੁਲਾਬਾਂ ਨੂੰ ਵੇਖ - ਵੇਖ ਹਰਸ਼ਿਤ ਹੋ ਰਹੇ ਹਨ । ਬਾਪਦਾਦਾ ਵੀ ਕਹਿੰਦੇ ਹਨ ਵਾਹ ਮੇਰੇ ਰੂਹਾਨੀ ਗੁਲਾਬ ਤੁਸੀਂ ਵਾਹ - ਵਾਹ ਦੇ ਗੀਤ ਗਾਉਂਦੇ ਤਾਂ ਬਾਪਦਾਦਾ ਵੀ ਇਹ ਹੀ ਗੀਤ ਗਾਉਂਦੇ। ਸਮਝਾ!

ਮੁਰਲੀਆਂ ਤੇ ਬਹੁਤ ਸੁਣੀਆਂ ਹਨ। ਸੁਣ - ਸੁਣ ਕੇ ਸੰਪੰਨ ਬਣ ਗਏ ਹੋ। ਹੁਣ ਮਹਾਦਾਨੀ ਬਣ ਵੰਡਣ ਦੇ ਪਲਾਨ ਬਣਾ ਰਹੇ ਹੋ। ਇਹ ਉਮੰਗ ਬਹੁਤ ਚੰਗਾ ਹੈ । ਅੱਜ ਯੂ. ਕੇ ਅਰਥਾਤ ਓ. ਕੇ. ਰਹਿਣ ਵਾਲਿਆਂ ਦਾ ਟਰਨ ਹੈ। ਡਬਲ ਵਿਦੇਸ਼ੀਆਂ ਦਾ ਇੱਕ ਸ਼ਬਦ ਸੁਣ ਕਰਕੇ ਬਾਪਦਾਦਾ ਹਮੇਸ਼ਾ ਮੁਸਕਰਾਉਂਦੇ ਰਹਿੰਦੇ ਹਨ। ਕਿਹੜਾ? ਥੈਂਕ ਯੂ। ਥੈਂਕ ਯੂ ਕਰਦੇ ਹੋਏ ਵੀ ਬਾਪ ਨੂੰ ਵੀ ਯਾਦ ਕਰਦੇ ਰਹਿੰਦੇ ਹਨ ਕਿਉਂਕਿ ਸਭ ਤੋਂ ਪਹਿਲੇ ਸ਼ੁਕਰੀਆ ਦਿਲ ਤੋਂ ਬਾਪ ਦਾ ਹੀ ਮਨਾਉਂਦੇ ਹਨ। ਤਾਂ ਜੱਦ ਕਿਸੇ ਨੂੰ ਵੀ ਥੈਂਕ ਯੂ ਕਰਦੇ ਤਾਂ ਪਹਿਲੇ ਬਾਪ ਯਾਦ ਆਏਗਾ ਨਾ! ਬ੍ਰਾਹਮਣ ਜੀਵਨ ਵਿੱਚ ਪਹਿਲਾ ਸ਼ੁਕਰੀਆ ਆਪੇ ਹੀ ਬਾਪ ਦੇ ਪ੍ਰਤੀ ਨਿਕਲਦਾ ਹੈ। ਉੱਠਦੇ - ਬੈਠਦੇ ਕਈ ਵਾਰ ਥੈਂਕ ਯੂ ਕਹਿੰਦੇ ਹੋ। ਇਹ ਵੀ ਇੱਕ ਵਿਧੀ ਹੈ ਬਾਪ ਨੂੰ ਯਾਦ ਕਰਨੇ ਦੀ। ਯੂ. ਕੇ. ਵਾਲੇ ਸਰਵ ਵੱਖ - ਵੱਖ ਹੱਦ ਦੀਆਂ ਸ਼ਕਤੀਆਂ ਵਾਲਿਆਂ ਨੂੰ ਮਿਲਾਉਣ ਦੇ ਨਿਮਿਤ ਬਣੇ ਹੋਏ ਹੋ ਨਾ। ਕਈ ਤਰ੍ਹਾਂ ਦੀਆਂ ਨਾਲੇਜ਼ ਦੀਆਂ ਸ਼ਕਤੀਆਂ ਹਨ। ਵੱਖ - ਵੱਖ ਸ਼ਕਤੀ ਵਾਲੇ, ਵੱਖ - ਵੱਖ ਵਰਗ ਵਾਲੇ, ਵੱਕ - ਵੱਖ ਧਰਮ ਵਾਲੇ, ਭਾਸ਼ਾ ਵਾਲੇ ਸਾਰਿਆਂ ਨੂੰ ਮਿਲਾਕੇ ਇੱਕ ਹੀ ਬ੍ਰਾਹਮਣ ਵਰਗ ਵਿੱਚ ਲਿਆਉਣਾ, ਬ੍ਰਾਹਮਣ ਧਰਮ ਵਿੱਚ, ਬ੍ਰਾਹਮਣ ਭਾਸ਼ਾ ਵਿੱਚ ਆਉਣਾ। ਬ੍ਰਾਹਮਣਾਂ ਦੀ ਭਾਸ਼ਾ ਵੀ ਆਪਣੀ ਹੈ। ਜੋ ਨਵੇਂ ਸਮਝ ਵੀ ਨਹੀਂ ਸਕਦੇ ਕਿ ਇਹ ਕੀ ਬੋਲਦੇ ਹਨ। ਤਾਂ ਬ੍ਰਾਹਮਣਾਂ ਦੀ ਭਾਸ਼ਾ, ਬ੍ਰਾਹਮਣਾਂ ਦੀ ਡਿਕਸ਼ਨਰੀ ਹੀ ਆਪਣੀ ਹੈ। ਤਾਂ ਯੂ. ਕੇ ਵਾਲੇ ਸਾਰਿਆਂ ਨੂੰ ਇੱਕ ਬਣਾਉਣ ਵਿੱਚ ਬਿਜ਼ੀ ਰਹਿੰਦੇ ਹੋ ਨਾ। ਗਿਣਤੀ ਵੀ ਚੰਗੀ ਹੈ ਅਤੇ ਸਨੇਹ ਵੀ ਚੰਗਾ ਹੈ ਹਰ ਇੱਕ ਸਥਾਨ ਦੀ ਆਪਣੀ - ਆਪਣੀ ਵਿਸ਼ੇਸ਼ਤਾ ਤਾਂ ਹੈ ਹੀ ਪਰ ਅੱਜ ਯੂ. ਕੇ. ਦਾ ਸੁਣਾ ਰਹੇ ਹਨ। ਯੱਗ ਸਨੇਹੀ, ਯੱਗ ਸਹਿਯੋਗੀ ਇਹ ਵਿਸ਼ੇਸ਼ਤਾ ਚੰਗੀ ਵਿਖਾਈ ਦਿੰਦੀ ਹੈ। ਹਰ ਕਦਮ ਤੇ ਪਹਿਲੇ ਯਗ ਮਤਲਬ ਮਧੂਬਨ ਦਾ ਹਿੱਸਾ ਕੱਢਣ ਵਿੱਚ ਚੰਗੇ ਨੰਬਰ ਵਿੱਚ ਜਾ ਰਹੇ ਹਨ। ਡਾਇਰੈਕਟ ਮਧੂਬਨ ਦੀ ਯਾਦ ਇੱਕ ਸਪੈਸ਼ਲ ਲਿਫਟ ਬਣ ਜਾਂਦੀ ਹੈ। ਹਰ ਕੰਮ ਵਿੱਚ, ਹਰ ਕਦਮ ਵਿੱਚ ਮਧੂਬਨ ਮਤਲਬ ਬਾਪ ਦੀ ਯਾਦ ਹੈ ਜਾਂ ਬਾਪ ਦੀ ਪੜ੍ਹਾਈ ਹੈ ਜਾਂ ਬਾਪ ਦਾ ਬ੍ਰਹਮਾ ਭੋਜਨ ਹੈ ਜਾਂ ਬਾਪ ਨਾਲ ਮਿਲਣ ਹੈ। ਮਧੂਬਨ ਆਪੇ ਹੀ ਬਾਪ ਦੀ ਯਾਦ ਦਿਵਾਉਣ ਵਾਲਾ ਹੈ। ਕਿਤੇ ਵੀ ਰਹਿੰਦੇ ਮਧੂਬਨ ਦੀ ਯਾਦ ਆਉਣਾ ਮਤਲਬ ਵਿਸ਼ੇਸ਼ ਸਨੇਹ, ਲਿਫਟ ਬਣ ਜਾਂਦਾ ਹੈ । ਚੜ੍ਹਨ ਦੀ ਮਿਹਨਤ ਤੋਂ ਛੁਟ ਜਾਂਦੇ ਹਨ। ਸੈਕਿੰਡ ਵਿੱਚ ਸਵਿੱਚ ਓਨ ਕੀਤਾ ਅਤੇ ਪਹੁੰਚੇ।

ਬਾਪਦਾਦਾ ਨੂੰ ਹੋਰ ਕੋਈ ਹੀਰੇ ਮੋਤੀ ਤਾਂ ਚਾਹੀਦੇ ਨਹੀਂ। ਬਾਪ ਨੂੰ ਸਨੇਹ ਦੀ ਛੋਟੀ ਚੀਜ ਹੀ ਹੀਰੇ ਰਤਨ ਹਨ ਇਸਲਈ ਸੁਦਾਮਾ ਦੇ ਕੱਚੇ ਚਾਵਲ ਗਾਏ ਹੋਏ ਹਨ। ਇਸ ਦਾ ਭਾਵ ਅਰਥ ਇਹ ਹੀ ਹੈ ਕਿ ਸਨੇਹ ਦੀ ਛੋਟੀ ਸੂਈ ਵਿੱਚ ਵੀ ਮਧੂਬਨ ਯਾਦ ਆਉਂਦਾ ਹੈ। ਤਾਂ ਉਹ ਵੀ ਬਹੁਤ ਵੱਡਾ ਅਮੁੱਲ ਰਤਨ ਹੈ ਕਿਉਂਕਿ ਸਨੇਹ ਦਾ ਦਾਮ ਹੈ। ਵੈਲਿਊ ਸਨੇਹ ਦੀ ਹੈ। ਚੀਜ਼ ਦੀ ਨਹੀਂ। ਜੇਕਰ ਕੋਈ ਉਵੇਂ ਹੀ ਭਾਵੇਂ ਕਿੰਨਾ ਵੀ ਦੇ ਦੇਵੇ ਪਰ ਸਨੇਹ ਨਹੀਂ ਤਾਂ ਉਸ ਦਾ ਜਮਾਂ ਨਹੀਂ ਹੁੰਦਾ ਅਤੇ ਸਨੇਹ ਨਾਲ ਥੋੜਾ ਵੀ ਜਮਾਂ ਕਰੋ ਤਾਂ ਉਨ੍ਹਾਂ ਦਾ ਪਦਮ ਜਮਾਂ ਹੋ ਜਾਂਦਾ ਹੈ। ਤਾਂ ਬਾਪ ਨੂੰ ਸਨੇਹ ਪਸੰਦ ਹੈ। ਤਾਂ ਯੂ. ਕੇ. ਵਾਲਿਆਂ ਦੀ ਵਿਸ਼ੇਸ਼ਤਾ ਯਗ ਸਨੇਹੀ, ਯਗ ਸਹਿਯੋਗੀ ਆਦਿ ( ਸ਼ੁਰੂ ) ਤੋਂ ਰਹੇ ਹਨ। ਇਹ ਹੀ ਸਹਿਜ ਯੋਗ ਵੀ ਹੈ। ਸਹਿਯੋਗ, ਸਹਿਜ ਯੋਗ ਹੈ । ਸਹਿਯੋਗ ਦਾ ਸੰਕਲਪ ਆਉਣ ਨਾਲ ਵੀ ਯਾਦ ਤਾਂ ਬਾਪ ਦੀ ਰਹੇਗੀ ਨਾ। ਤਾਂ ਸਹਿਯੋਗੀ, ਸਹਿਜ ਯੋਗੀ ਆਪੇ ਹੀ ਬਣ ਜਾਂਦੇ ਹਨ। ਯੋਗ ਬਾਪ ਨਾਲ ਹੁੰਦਾ ਹੈ, ਮਧੂਬਨ ਮਤਲਬ ਬਾਪਦਾਦਾ ਨਾਲ। ਤਾਂ ਸਹਿਯੋਗੀ ਬਣਨ ਵਾਲੇ ਵੀ ਸਹਿਜਯੋਗ ਦੀ ਸਬਜੈਕਟ ਵਿੱਚ ਚੰਗੇ ਨੰਬਰ ਲੈ ਲੈਂਦੇ ਹਨ। ਦਿਲ ਦਾ ਸਹਿਯੋਗ ਬਾਪ ਨੂੰ ਪਿਆਰਾ ਹੈ, ਇਸਲਈ ਇੱਥੇ ਯਾਦਗਾਰ ਵੀ ਦਿਲਵਾਲਾ ਮੰਦਿਰ ਬਣਾਇਆ ਹੈ। ਤਾਂ ਦਿਲਵਾਲਾ ਬਾਪ ਨਾਲ ਦਿਲ ਦਾ ਸਨੇਹ, ਦਿਲ ਦਾ ਸਹਿਯੋਗ ਹੀ ਪਿਆਰਾ ਹੈ। ਛੋਟੀ ਦਿਲ ਵਾਲੇ ਛੋਟਾ ਸੌਦਾ ਕਰ ਖੁਸ਼ ਹੋ ਜਾਂਦੇ ਹਨ ਅਤੇ ਵੱਡੀ ਦਿਲ ਵਾਲੇ ਬੇਹੱਦ ਦਾ ਸੌਦਾ ਕਰਦੇ ਹਨ। ਫਾਊਂਡੇਸ਼ਨ ਵੱਡੀ ਦਿਲ ਹੈ ਤਾਂ ਵਿਸਤਾਰ ਵੀ ਵੱਡਾ ਹੋ ਰਿਹਾ ਹੈ। ਜਿਵੇਂ ਕਈ ਜਗ੍ਹਾ ਤੇ ਬ੍ਰਿਖ ਵੇਖੇ ਹੋਣਗੇ ਤਾਂ ਬ੍ਰਿਖ ਦੀਆਂ ਸ਼ਾਖਾਵਾਂ ਵੀ ਤਨਾ ਬਣ ਜਾਂਦੀਆਂ ਹਨ। ਤਾਂ ਯੂ. ਕੇ. ਦੇ ਫਾਊਂਡੇਸ਼ਨ ਤੋਂ ਤਨਾ ਨਿਕਲਿਆ, ਸ਼ਾਖਾਵਾਂ ਨਿਕਲੀਆਂ। ਹੁਣ ਉਹ ਸ਼ਾਖਾਵਾਂ ਵੀ ਤਨਾ ਬਣ ਗਈਆਂ ਹਨ। ਉਸ ਤਨੇ ਤੋਂ ਵੀ ਸ਼ਾਖਾਵਾਂ ਨਿਕਲ ਰਹੀਆਂ ਹਨ। ਜਿਵੇਂ ਅਸਟ੍ਰੇਲੀਆ ਨਿਕਲਿਆ, ਅਮਰੀਕਾ, ਯੂਰੋਪ, ਅਫ਼ਰੀਕਾ ਨਿਕਲੇ। ਸਭ ਤਨਾ ਬਣ ਗਏ ਹਨ। ਅਤੇ ਹਰ ਇਕ ਤਨੇ ਦੀਆਂ ਸ਼ਖਾਵਾਂ ਵੀ ਚੰਗੀ ਤਰ੍ਹਾਂ ਨਾਲ ਵ੍ਰਿਧੀ ਨੂੰ ਪਾ ਰਹੀਆਂ ਹਨ ਕਿਉਂਕਿ ਫਾਊਂਡੇਸ਼ਨ ਸਨੇਹ ਅਤੇ ਸਹਿਯੋਗ ਦੇ ਪਾਣੀ ਤੋਂ ਮਜਬੂਤ ਹੈ, ਇਸਲਈ ਵਿਸਤਾਰ ਵੀ ਚੰਗਾ ਹੈ ਅਤੇ ਫਲ ਵੀ ਚੰਗੇ ਹਨ। ਅੱਛਾ-

**ਵਰਦਾਨ:-** ਦੇਹ ਭਾਨ ਦਾ ਤਿਆਗ ਕਰ ਨਿਰਕਰੋਧੀ ਬਣਨ ਵਾਲੇ ਨਿਰਮਾਣਚਿਤ ਭਵ

ਜੋ ਬੱਚੇ ਦੇਹ ਭਾਣ ਦਾ ਤਿਆਗ ਕਰਦੇ ਹਨ ਉਨ੍ਹਾਂ ਨੂੰ ਕਦੀ ਵੀ ਕ੍ਰੋਧ ਨਹੀ ਆ ਸਕਦਾ ਕਿਉਂਕਿ ਕ੍ਰੋਧ ਆਉਣ ਦੇ ਦੋ ਕਾਰਨ ਹੁੰਦੇ ਹਨ। ਇੱਕ - ਜੱਦ ਕੋਈ ਝੂਠੀ ਗੱਲ ਕਹਿੰਦਾ ਹੈ ਅਤੇ ਦੂਜਾ ਜੱਦ ਕੋਈ ਗਲਾਨੀ ਕਰਦਾ ਹੈ। ਇਹ ਹੀ ਦੋ ਗੱਲਾਂ ਕ੍ਰੋਧ ਨੂੰ ਜਨਮ ਦਿੰਦੀਆਂ ਹਨ। ਅਜਿਹੀ ਪਰਿਸਥਿਤੀ ਵਿੱਚ ਨਿਰਮਾਣਚਿਤ ਦੇ ਵਰਦਾਨ ਦੁਆਰਾ ਅਪਕਾਰੀ ਤੇ ਵੀ ਉਪਕਾਰ ਕਰੋ, ਗਾਲੀ ਦੇਣ ਵਾਲੇ ਨੂੰ ਗਲੇ ਲਗਾਓ, ਨਿੰਦਾ ਕਰਨ ਵਾਲੇ ਨੂੰ ਸੱਚਾ ਮਿੱਤਰ ਮੰਨੋ - ਤੱਦ ਕਹਾਂਗੇ ਕਮਾਲ। ਜਦੋਂ ਇਵੇਂ ਪਰਿਵਰਤਨ ਵਿਖਾਓ ਤੱਦ ਵਿਸ਼ਵ ਦੇ ਅੱਗੇ ਪ੍ਰਸਿੱਧ ਹੋਵੋਗੇ।

**ਸਲੋਗਨ:-** ਮੌਜ਼ ਦਾ ਅਨੁਭਵ ਕਰਨ ਦੇ ਲਈ ਮਾਇਆ ਦੀ ਅਧੀਨਤਾ ਨੂੰ ਛੱਡ ਸਵਤੰਤਰ ਬਣੋ।

******